# खोटा सिक्का

ਖੋਟਾ ਸਿੱਕਾ

ਗੁਫ਼ਾ ਵਾਲਿਆ ਵੇ, ਮੇਰੀਆਂ ਨਾਦਾਨੀਆਂ ਦਾ,
ਮੇਰੇ ਕੋਲ, ਹਿਸਾਬ ਕੋਈ ਨਾ।
ਮੈਂ ਸੀ ਖੋਟਾ ਸਿੱਕਾ, ਸੋਨਾ ਤੂੰ ਬਣਾ ਤਾ,
ਵੇ ਤੇਰਾ ਵੀ, ਜਬਾਬ ਕੋਈ ਨਾ - 3

ਕੀਹਨੇ ਕੀਹਨੇ, ਮਾਰੇ ਠੇਡੇ, ਮੈਥੋਂ ਦੱਸ ਹੁੰਦਾ ਨਹੀਂ,
ਹਾਸੇ ਵਾਲੀ, ਗੱਲ ਤੇ ਵੀ, ਮੈਥੋਂ ਹੱਸ ਹੁੰਦਾ ਨਹੀਂ। -2
ਤੂੰ ਸਾਂਭ ਲਿਆ, ਤਾਹੀਉਂ ਸਿੱਧ ਜੋਗੀਆ,
ਏਹ ਜਿੰਦਗੀ, ਖ਼ਰਾਬ ਹੋਈ ਨਾ,
ਮੈਂ ਸੀ ਖੋਟਾ ਸਿੱਕਾ, ਸੋਨਾ ਤੂੰ ਬਣਾ ਤਾ,
ਵੇ ਤੇਰਾ ਵੀ, ਜਬਾਬ ਕੋਈ ਨਾ। -2

ਮਿਲੀ, ਮਸ਼ਹੂਰੀ ਸਾਨੂੰ, ਤੇਰੇ ਦਰਬਾਰ ਤੋਂ,
ਸਦਕੇ ਮੈਂ, ਜੋਗੀਆ ਵੇ, ਜਾਵਾਂ ਤੇਰੇ ਪਿਆਰ ਤੋਂ। -2
ਜੇਹੜਾ, ਤੇਰੇ ਵਾਂਗੂ, ਮਹਿਕੇ ਪੌਣਾਹਾਰੀਆ,
ਵੇ ਐਸਾ ਤਾਂ, ਗੁਲਾਬ ਕੋਈ ਨਾ,
ਮੈਂ ਸੀ ਖੋਟਾ ਸਿੱਕਾ, ਸੋਨਾ ਤੂੰ ਬਣਾ ਤਾ,
ਵੇ ਤੇਰਾ ਵੀ, ਜਬਾਬ ਕੋਈ ਨਾ। -3

ਕਿਹਨਾਂ, ਅੱਖਰਾਂ ਨਾਲ ਤੇਰਾ, ਕਰਾਂ ਸ਼ੁਕਰਾਨਾ ਮੈਂ,
ਆਪਣਾ, ਬਣਾ ਲਿਆ ਤੂੰ, ਹੁੰਦਾ ਸੀ ਬੇਗ਼ਾਨਾ ਮੈਂ। -2
ਠੀਕ, ਕੀਤੀਆਂ ਤੂੰ ਅਰਜ਼ਾਂ, ਓਹ ਜੋਗੀਆ,
ਵੇ ਜਿਹਨਾਂ ਦਾ, "ਇਲਾਜ਼ ਕੋਈ ਨਾ,
ਮੈਂ ਸੀ ਖੋਟਾ ਸਿੱਕਾ, ਸੋਨਾ ਤੂੰ ਬਣਾ ਤਾ,
ਵੇ ਤੇਰਾ ਵੀ, ਜਬਾਬ ਕੋਈ ਨਾ। -3

ਮੰਨ ਲਿਆ, ਰੱਬ ਤੈਨੂੰ, ਜ਼ੋਰੇ ਦੀਆਂ ਅੱਖਾਂ ਨੇ,
ਦਿੱਤਾ ਮੇਰਾ, ਸਾਥ ਪੂਰਾ, ਗਲ਼ੀਆਂ ਦੇ ਕੱਖਾਂ ਨੇ। -2
ਓ ਤੇਰੀ ਗੱਲ ਦਾ, ਜਬਾਬ ਹੋਣਾ ਜਿਸ ਦਿਨ,
ਓਹ ਜੱਗ 'ਚ, ਕਿਤਾਬ ਕੋਈ ਨਾ,
ਮੈਂ ਸੀ ਖੋਟਾ ਸਿੱਕਾ, ਸੋਨਾ ਤੂੰ ਬਣਾ ਤਾ,
ਵੇ ਤੇਰਾ ਵੀ, ਜਬਾਬ ਕੋਈ ਨਾ। -3

https://bhajanganga.com/bhajan/lyrics/id/33175/title/KHOTA-SIKKA

अपने Android मोबाइल पर BhajanGanga App डाउनलोड करें और भजनों का आनंद ले |